USDA ਫਾਰਮ ਸਰਵਿਸ ਏਜੰਸੀ

# ਕਾਉਂਟੀ ਕਮੇਟੀ ਦੀਆਂ ਚੋਣਾਂ

## ਸਥਾਨਕ ਪ੍ਰਬੰਧਕੀ ਖੇਤਰ

ਹਰ ਸਾਲ ਕੁਝ ਸਥਾਨਕ ਪ੍ਰਬੰਧਕੀ ਖੇਤਰਾਂ (LAA) ਵਿੱਚ ਚੋਣਾਂ ਹੁੰਦੀਆਂ ਹਨ। ਇਹ ਕਿਸੇ ਏਕਲ ਕਾਉਂਟੀ ਜਾਂ ਬਹੁ-ਕਾਉਂਟੀ ਅਧਿਕਾਰ-ਖੇਤਰ ਵਿੱਚ FSA ਕਮੇਟੀਆਂ ਲਈ ਚੋਣਵੇਂ ਖੇਤਰ ਹਨ। ਇਨ੍ਹਾਂ ਵਿੱਚ ਉਹ LAA ਸ਼ਾਮਲ ਹਨ ਜੋ ਕਿਸੇ ਸ਼ਹਿਰੀ ਜਾਂ ਉਪਨਗਰੀ ਖੇਤਰ 'ਤੇ ਕੇਂਦ੍ਰਿਤ ਹਨ।

fsa.usda.gov/elections 'ਤੇ ਸਾਡੇ ਲੋਕੇਟਰ ਟੂਲ ਦੀ ਵਰਤੋਂ ਕਰ ਕੇ ਆਪਣਾ LAA ਲੱਭੋ।





## FSA ਨਾਲ ਜੁੜੋ

FSA ਕਾਉਂਟੀ ਕਮੇਟੀਆਂ ਬਾਰੇ ਵਧੇਰੀ ਜਾਣਕਾਰੀ ਲਈ, fsa.usda.gov/elections 'ਤੇ ਜਾਂ ਕਿਸੇ ਸਥਾਨਕ FSA ਦਫ਼ਤਰ ਵਿੱਚ ਜਾਓ। ਆਪਣਾ ਸਥਾਨਕ FSA ਦਫ਼ਤਰ ਲੱਭਣ ਲਈ, farmers.gov/service-locator 'ਤੇ ਜਾਓ।

## ਜਾਣਕਾਰੀ ਰੱਖੋ

ਤਾਜ਼ਾ ਜਾਣਕਾਰੀ ਪ੍ਰਾਪਤ ਕਰਨ ਲਈ ਇਨ੍ਹਾਂ ਵਿੱਚੋਂ ਕਿਸੇ ਵੀ ਸੋਸ਼ਲ ਮੀਡੀਆ ਵਸੀਲੇ ਨੂੰ ਲਾਈਕ ਅਤੇ ਸਬਸਕ੍ਰਾਈਬ ਕਰੋ।

| GovDelivery | Twitter | Instagram | YouTube | Facebook |
|---|---|---|---|---|
| ਤਾਜ਼ਾ ਖ਼ਬਰਾਂ ਪ੍ਰਾਪਤ ਕਰੋ | ਫ਼ਾਲੋ ਕਰੋ ਟਵੀਟ ਕਰੋ ਰੀਟਵੀਟ ਕਰੋ | ਪੂਰੀ ਤਸਵੀਰ ਦੇਖੋ | ਲਾਈਕ ਕਰੋ ਸ਼ੇਅਰ ਕਰੋ ਸਬਸਕ੍ਰਾਈਬ ਕਰੋ | ਲਾਈਕ ਕਰੋ ਸ਼ੇਅਰ ਕਰੋ ਕਮੈਂਟ ਕਰੋ |
| farmers.gov/subscribe | @USDAFSA | @FarmersGov | @FarmersGov | @FarmersGov |

USDA ਇੱਕ ਸਮਾਨ ਮੌਕਾ ਪ੍ਰਦਾਤਾ, ਮਾਲਕ ਅਤੇ ਰਿਣਦਾਤਾ ਹੈ।

USDA Farm Service Agency
U.S. DEPARTMENT OF AGRICULTURE



# FSA ਕਾਉਂਟੀ ਕਮੇਟੀਆਂ

ਕਾਉਂਟੀ ਕਮੇਟੀਆਂ ਆਪਣੀਆਂ ਕਮਿਊਨਿਟੀਆਂ ਵਿੱਚ ਕਿਸਾਨਾਂ ਅਤੇ ਪਸ਼ੂ ਪਾਲਕਾਂ ਲਈ FSA ਪ੍ਰੋਗਰਾਮਾਂ ਦੀ ਨਿਗਰਾਨੀ ਕਰਦੀਆਂ ਹਨ। ਕਮੇਟੀ ਦੇ ਮੈਂਬਰ ਸਥਾਨਕ ਉਤਪਾਦਕਾਂ ਦੁਆਰਾ ਚੁਣੇ ਗਏ ਕਿਸਾਨ, ਪਸ਼ੂ ਪਾਲਕ ਅਤੇ ਜ਼ਮੀਨ ਮਾਲਕ ਹੁੰਦੇ ਹਨ।







## ਕਾਉਂਟੀ ਕਮੇਟੀ ਦੇ ਮੈਂਬਰ:

- ਤੁਹਾਡੀ ਕਮਿਊਨਿਟੀ ਵਿੱਚ ਖੇਤੀਬਾੜੀ-ਸੰਬੰਧੀ ਪ੍ਰੋਗਰਾਮ ਪ੍ਰਦਾਨ ਅਤੇ ਉਨ੍ਹਾਂ ਦੇ ਪ੍ਰਬੰਧਨ ਵਿੱਚ ਸਹਾਇਤਾ ਕਰਦੇ ਹਨ।
- ਸਥਾਨਕ ਕਿਸਾਨਾਂ ਅਤੇ ਪਸ਼ੂ ਪਾਲਕਾਂ ਦੀ ਨੁਮਾਇੰਦਗੀ ਕਰਦੇ ਹਨ।
- FSA ਸਟਾਫ ਨੂੰ ਖੇਤੀਬਾੜੀ-ਸੰਬੰਧੀ ਸਥਾਨਕ ਮਾਰਗਦਰਸ਼ਨ ਅਤੇ ਸਮਝ ਪ੍ਰਦਾਨ ਕਰਦੇ ਹਨ।
- ਸਥਾਨਕ ਉਤਪਾਦਕਾਂ ਨੂੰ ਪ੍ਰਭਾਵਿਤ ਕਰਨ ਵਾਲੇ ਮਹੱਤਵਪੂਰਨ ਫੈਸਲੇ ਲੈਂਦੇ ਹਨ।
- ਪਹੁੰਚ ਵਿੱਚ ਸਹਾਇਤਾ ਅਤੇ ਘੱਟ ਸੇਵਾ ਪ੍ਰਾਪਤ ਕਰਨ ਵਾਲੇ ਉਤਪਾਦਕਾਂ, ਜਿਵੇਂ ਕਿ ਤੁਹਾਡੀ ਕਮਿਊਨਿਟੀ ਵਿੱਚ ਸ਼ੁਰੂਆਤ ਕਰਨ ਵਾਲੇ ਕਿਸਾਨਾਂ ਅਤੇ ਪਸ਼ੂ ਪਾਲਕਾਂ, ਨੂੰ FSA ਵੱਲੋਂ ਮੌਕਿਆਂ ਬਾਰੇ ਜਾਣਕਾਰੀ ਪ੍ਰਦਾਨ ਕਰਦੇ ਹਨ।

## ਤੁਸੀਂ ਨਾਮਜ਼ਦ ਕਰ ਸਕਦੇ ਹੋ!

- ਨਾਮਜ਼ਦਗੀ ਫਾਰਮ ਅਤੇ ਯੋਗਤਾ-ਸੰਬੰਧੀ ਦਿਸ਼ਾ-ਨਿਰਦੇਸ਼ ਤੁਹਾਡੇ ਸਥਾਨਕ FSA ਦਫ਼ਤਰ ਵਿੱਚ, ਜਾਂ fsa.usda.gov/elections ’ਤੇ ਆਨਲਾਈਨ ਉਪਲਬਧ ਹਨ।
- ਤੁਸੀਂ ਆਪਣੇ ਆਪ ਨੂੰ ਜਾਂ ਕਿਸੇ ਹੋਰ ਵਿਅਕਤੀ ਨੂੰ ਨਾਮਜ਼ਦ ਕਰ ਸਕਦੇ ਹੋ। ਇੱਕ ਸੰਸਥਾ ਵੀ ਕਿਸੇ ਉਤਪਾਦਕ ਨੂੰ ਨਾਮਜ਼ਦ ਕਰ ਸਕਦੀ ਹੈ।
- ਫਾਰਮ FSA ਦਫ਼ਤਰ ਵਿੱਚ ਜਮ੍ਹਾਂ ਕਰਵਾਏ ਜਾਂਦੇ ਹਨ ਜਾਂ ਸਮੇਂ-ਸੀਮਾਂ ਤੱਕ ਜਾਂ ਉਸ ਤੋਂ ਪਹਿਲਾਂ ਡਾਕ ਰਾਹੀਂ ਭੇਜੇ ਜਾਂਦੇ ਹਨ।
- ਫਾਰਮਾਂ ’ਤੇ ਨਾਮਜ਼ਦ ਵਿਅਕਤੀਆਂ ਦੁਆਰਾ ਦਸਤਖ਼ਤ ਕੀਤੇ ਜਾਣੇ ਚਾਹੀਦੇ ਹਨ (ਕਿਸੇ ਹੋਰ ਵਿਅਕਤੀ ਜਾਂ ਸੰਸਥਾ ਦੁਆਰਾ ਨਾਮਜ਼ਦ ਕੀਤੇ ਗਏ ਵਿਅਕਤੀਆਂ ਨਾਲ ਸਥਾਨਕ ਦਫ਼ਤਰ ਦੁਆਰਾ ਸੰਪਰਕ ਕੀਤਾ ਜਾਵੇਗਾ)।

## ਤੁਸੀਂ ਵੋਟ ਪਾ ਸਕਦੇ ਹੋ!

- ਸ਼ਰਤਾਂ ਲਈ ਆਪਣੇ FSA ਦਫ਼ਤਰ ਜਾਂ FSA ਦੀ ਵੈੱਬਸਾਈਟ ਤੋਂ ਪਤਾ ਕਰੋ।
- ਕਿਸੇ ਵੀ FSA ਪ੍ਰੋਗਰਾਮ ਵਿੱਚ ਹਿੱਸਾ ਲੈਣ ਜਾਂ ਸਹਿਯੋਗ ਕਰਨ ਵਾਲੇ ਵੋਟਿੰਗ ਦੀ ਕਨੂੰਨੀ ਉਮਰ ਦੇ ਉਤਪਾਦਕ ਵੋਟ ਪਾ ਸਕਦੇ ਹਨ।
- ਯੋਗ ਵੋਟਰਾਂ ਨੂੰ ਮਤਪੱਤਰ ਡਾਕ ਰਾਹੀਂ ਭੇਜੇ ਜਾਂਦੇ ਹਨ ਜਾਂ ਤੁਹਾਡੇ ਸਥਾਨਕ FSA ਦਫ਼ਤਰ ਤੋਂ ਲਏ ਜਾ ਸਕਦੇ ਹਨ।

## ਚੋਣ ਪ੍ਰਕਿਰਿਆ ਅਤੇ ਵਚਨਬੱਧਤਾ:

ਵੋਟਿੰਗ ਦੀ ਮਿਆਦ ਖ਼ਤਮ ਹੋਣ ਤੋਂ ਬਾਅਦ, ਮਤਪੱਤਰ ਜਨਤੱਕ ਤੌਰ ’ਤੇ (ਆਮ ਤੌਰ ’ਤੇ ਤੁਹਾਡੇ ਸਥਾਨਕ ਦਫ਼ਤਰ ਵਿੱਚ) ਗਿਣੇ ਜਾਂਦੇ ਹਨ।

- ਚੁਣੇ ਗਏ ਮੈਂਬਰ ਤਿੰਨ-ਪੰਜ ਸਾਲਾਂ ਦੀ ਮਿਆਦ ਲਈ ਸੇਵਾ ਕਰਦੇ ਹਨ ਅਤੇ ਕਮੇਟੀਆਂ ਵਿੱਚ ਤਿੰਨ ਤੋਂ 11 ਮੈਂਬਰ ਹੁੰਦੇ ਹਨ।
- ਸਥਾਨਕ ਉਤਪਾਦਕਾਂ ਨੂੰ ਪ੍ਰਭਾਵਿਤ ਕਰਨ ਵਾਲੇ ਮਹੱਤਵਪੂਰਣ ਫੈਸਲਿਆਂ ’ਤੇ ਚਰਚਾ ਕਰਨ ਲਈ ਕਾਉਂਟੀ ਕਮੇਟੀਆਂ ਦੀ ਮਹੀਨਾਵਾਰ ਮੀਟਿੰਗ ਹੁੰਦੀ ਹੈ।
- ਇਹ ਯਕੀਨੀ ਬਣਾਉਣ ਲਈ ਸਲਾਹਕਾਰ ਨਿਯੁਕਤ ਕੀਤੇ ਜਾਂਦੇ ਹਨ ਕਿ COC ਦੇ ਮੈਂਬਰ ਆਪਣੀਆਂ ਕਮਿਊਨਿਟੀਆਂ ਦੇ ਵਿਭਿੰਨ ਹਿੱਤਾਂ ਨੂੰ ਦਰਸਾਉਂਦੇ ਹਨ।

USDA FSA ਕਾਉਂਟੀ ਕਮੇਟੀਆਂ ਵਿੱਚ ਸਾਰੇ ਕਿਸਾਨਾਂ ਅਤੇ ਪਸ਼ੂ ਪਾਲਕਾਂ ਦੀ ਭਾਗੀਦਾਰੀ ਨੂੰ ਵਧਾਉਣ ਲਈ ਵਚਨਬੱਧ ਹੈ, ਜਿਸ ਵਿੱਚ ਇਸਤਰੀਆਂ, ਅਲਪਸੰਖਿਅਕ, ਅਤੇ ਸ਼ੁਰੂਆਤ ਕਰਨ ਵਾਲੇ ਕਿਸਾਨਾਂ ਅਤੇ ਪਸ਼ੂ ਪਾਲਕਾਂ ’ਤੇ ਜ਼ੋਰ ਦਿੱਤਾ ਜਾਵੇਗਾ।

## ਮਹੱਤਵਪੂਰਨ ਤਾਰੀਖ਼ਾਂ

| | |
|---|---|
| ਮੱਧ-ਜੂਨ | ਨਾਮਜ਼ਦਗੀਆਂ ਦੀ ਸ਼ੁਰੂਆਤ |
| ਸ਼ੁਰੂਆਤੀ ਅਗਸਤ | ਫਾਰਮ ਵਾਪਸ ਕਰਨ ਜਾਂ ਡਾਕ ਰਾਹੀਂ ਭੇਜਣ ਦੀ ਅੰਤਿਮ ਮਿਤੀ |
| ਸ਼ੁਰੂਆਤੀ ਨਵੰਬਰ | ਯੋਗ ਵੋਟਰਾਂ ਨੂੰ ਮਤਪੱਤਰ ਡਾਕ ਰਾਹੀਂ ਭੇਜੇ ਜਾਂਦੇ ਹਨ |
| ਸ਼ੁਰੂਆਤੀ ਦਸੰਬਰ | ਮਤਪੱਤਰ ਜਮ੍ਹਾਂ ਕੀਤੇ ਅਤੇ ਗਿਣੇ ਜਾਂਦੇ ਹਨ |
| ਜਨਵਰੀ | ਮੈਂਬਰ ਅਤੇ ਵਿਕਲਪਕ ਵਿਅਕਤੀ ਅਹੁਦੇ ਸੰਭਾਲਦੇ ਹਨ |